**I : 4.865** **2346/NH**

**P–14/2115**

# PUNJABI (COMPULSORY)

## SEMESTER–III

Time Allowed : 3 Hours] [Maximum Marks : 75

ਨੋਟ : ਸਾਰੇ ਪ੍ਰਸ਼ਨ ਲਾਜਮੀ ਹਨ ਅਤੇ ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਮਣੇ ਦਿਤੇ ਹਨ।

1. ਹੇਠ ਦਰਜ ਕਹਾਣੀਆਂ ਵਿੱਚੋਂ ਕਿਸੇ **ਇਕ** ਦਾ ਵਿਸ਼ਾ-ਵਸਤੂ ਲਿਖੋ :

   (a) ਸਬੱਬ

   (b) ਨੋ ਹੈਡਜ਼ ਡਾਊਨ, ਡੈਡੀ

   (c) ਦਰਦ। 12

2. ਹੇਠ ਦਰਜ ਪਾਤਰਾਂ ਵਿੱਚੋਂ ਕਿਸੇ **ਇਕ** ਪਾਤਰ ਬਾਰੇ ਲਿਖੋ :

   (a) ਨਿਹਾਲਾ (ਤੂੰ ਨਿਹਾਲਾ ਨਾ ਬਣੀ)

   (b) ਨਵਪ੍ਰੀਤ (ਨੋ ਹੈਡਜ਼ ਡਾਊਨ, ਡੈਡੀ)

   (c) ਤਾਈ (ਲੰਘਦਿਆਂ ਵੜਦਿਆਂ)। 12

[P. T. O.



ranbircollege.eu5.org

Scanned by CamScanner

3. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਇਸ ਦਾ ਸਿਰਲੇਖ ਵੀ ਦੱਸੋ :

ਮਹਾਂਭਾਰਤ ਵਿਚ ਵਿਆਸ ਜੀ ਨੇ ਧ੍ਰਿਤਰਾਸ਼ਟਰ ਨੂੰ ਕਿਹਾ ਹੈ ਕਿ ਰਾਜਾ ਜੇਕਰ ਧਾਰਮਕ ਹੁੰਦਾ ਹੈ ਤਾਂ ਉਸ ਦੇ ਪ੍ਰਭਾਵ ਸਦਕਾ ਅਧਰਮੀ ਸੇਵਕ ਵੀ ਧਾਰਮਿਕ ਬਣ ਜਾਂਦੇ ਹਨ ਕਿਉਂਕਿ ਇਸ ਵਿਚ ਸ਼ਕ ਨਹੀ ਕਿ ਸੇਵਕ ਲੋਕ ਆਪਣੇ ਸੁਆਮੀ ਦੇ ਹੀ ਗੁਣ ਦੋਸ਼ ਅਪਣਾਉਂਦੇ ਹਨ। ਨੀਤੀਵਾਕਯਮ੍ਰਿਤ ਵਿਚ ਕਿਹਾ ਗਿਆ ਹੈ ਕਿ ਰਾਜਾ ਜੇਕਰ ਧਰਮ ਦਾ ਆਦਰ ਕਰਦਾ ਹੈ ਤਾਂ ਪਰਜਾ ਅਤੇ ਰਾਜ ਦੇ ਦੂਸਰੇ ਅਧਿਕਾਰੀ ਵੀ ਜ਼ਰੂਰ ਧਰਮ ਦਾ ਆਦਰ ਕਰਦੇ ਹਨ। ਪਰ ਜੇ ਰਾਜਾ ਧਰਮ ਦਾ ਅਨਾਦਰ ਕਰਦਾ ਹੈ ਤਾਂ ਪਰਜਾ ਵੀ ਧਰਮ ਦਾ ਅਨਾਦਰ ਕਰਦੀ ਹੈ ਕਿਉਂਕਿ ਇਹ ਸੁਭਾਵਕ ਹੈ ਕਿ ਜਨਤਾ ਰਾਜੇ ਦੇ ਅਨੁਰੂਪ ਹੀ ਆਚਰਣ ਕਰਦੀ ਹੈ। ਇਸੇ ਲਈ ਮਹਾਂਭਾਰਤ ਵਿਚ ਕਥਿਤ ਹੈ ਕਿ ਰਾਜਾ ਅਰਥਾਤ ਰਾਸ਼ਟਰ ਦਾ ਸ਼ਾਸਕ ਜ਼ੇਕਰ ਚਾਹੇ ਭਾਵ ਆਪ ਸਦਾਚਰਣ ਵਿਚ ਤਤਪਰ ਰਹੇ ਤਾਂ ਨਿਸ਼ਚੇ ਹੀ ਉਹ ਕਲਯੁਗ ਵਿਚ ਵੀ ਸਤਯੁਗ ਨੂੰ ਲਿਆ ਸਕਦਾ ਹੈ। ਹਰ ਇਹ ਗੱਲ ਵੀ ਨਿਸ਼ਚਿਤ ਹੀ ਹੈ ਕਿ ਰਾਜਾ ਜਦ ਤੀਕ ਧਰਮਸ਼ੀਲ ਹੈ ਤਦ ਤੀਕ ਹੀ ਉਹ ਪਰਜਾ ਦਾ ਰਾਜਾ ਹੈ। ਉਸ ਦੇ ਧਰਮ-ਵਿਮੁਖ ਹੋ ਜਾਣ ਨਾਲ ਅਤੇ ਰਾਸ਼ਟਰ ਵਿਚ ਭ੍ਰਸ਼ਟਾਚਾਰ ਫੈਲ ਜਾਣ ਨਾਲ ਰਾਜੇ ਦਾ ਵਿਨਾਸ਼ ਵੀ ਜਰੂਰੀ ਹੈ। ਅਜਿਹੀ ਪਰਿਸਥਤੀ ਵਿਚ ਤਾਂ ਸੁਕ੍ਰਨੀਤੀ ਵਿਚ ਇਥੋਂ ਤਕ ਕਹਿ ਦਿੱਤਾ ਗਿਆ ਹੈ ਕਿ ਰਾਜਾ ਜਦੋਂ ਅਧਰਮਸ਼ੀਲ ਹੋ ਜਾਵੇ, ਨੀਤੀ ਦਾ ਤਿਆਗ ਕਰ ਦੇਵੇ, ਕਿਸੇ ਤਰ੍ਹਾਂ ਵੀ ਸਦ-ਮਾਰਗ ਉਪਰ ਨਾ ਚਲੇ ਉਦੋਂ ਜਨਤਾ ਨੂੰ ਚਾਹੀਦਾ ਹੈ ਕਿ ਉਸ ਅਧਰਮੀ ਸ਼ਾਸਕ ਨੂੰ, ਉਸ ਦੇ ਕਿਸੇ ਅਤਿ ਪ੍ਰਬਲ, ਧਰਮ-ਪਰਾਇਣ ਸ਼ਤਰੂ ਦੁਆਰਾ ਭੈਅ ਭੀਤ ਕਰਾ ਕੇ ਆਪਣੇ ਧਰਮ ਦਾ ਆਚਰਣ ਕਰਨ ਲਈ ਮਹਬੂਰ ਕਰ ਦੇਵੇ। ਮਹਾਂਭਾਰਤ ਵਿਚ ਭੀਸ਼ਮ ਪਿਤਾਮਾ ਨੇ ਰਾਜ-ਧਰਮ ਦੀ



Scanned by CamScanner

ਮਹਿਮਾ ਦਰਸਾਂਇਆਂ ਕਿਹਾ ਹੈ ਕਿ ਜਿਸ ਤਰ੍ਹਾਂ ਸੂਰਜ ਉਦੈ ਹੁੰਦਿਆਂ ਹੀ ਜਗਤ ਦਾ ਅਸ਼ੁਭਮਈ ਅੰਧਕਾਰ ਨਸਟ ਕਰ ਦਿੰਦਾ ਹੈ ਉਸੇ ਤਰ੍ਹਾਂ ਰਾਜ-ਧਰਮ ਵੀ ਅਧਰਮ-ਮਈ ਪ੍ਰਵਿਰਤੀ ਕਾਰਣ ਮਨੁਖੀਂ ਸਮਾਜ ਦੀ ਹੁੰਦੀ ਦਰਗਤੀ ਨੂੰ ਨਸਟ ਕਰ ਦਿੰਦਾ ਹੈ। ਇਸੇ ਗੱਲ ਨੂੰ ਦਲੀਲ-ਪੂਰਣ ਢੰਗ ਨਾਲ ਸਿੱਧ ਕਰਦਿਆਂ ਹੋਇਆਂ ਕੌਟਲਯ ਨੇ ਆਪਣੇ ਅਰਥ-ਸ਼ਾਸਤਰ ਵਿਚ ਕਿਹਾ ਹੈ ਕਿ ਸਭ ਧਰਮਾਂ ਦਾ ਮੂਲ ਸਦਾਚਾਰ ਹੈ। ਮੂਲ ਸਦਾਚਾਰ ਤੋਂ ਹੀ ਧਰਮ ਉਤਪੰਨ ਹੁੰਦਾ ਹੈ। 9

4. ਵਾਕ ਦੀ ਪਰਿਭਾਸ਼ਾ, ਪਛਾਣ ਅਤੇ ਬਣਤਰ ਤੇ ਵਿਸਥਾਰ ਸਹਿਤ ਚਰਚਾ ਕਰੋ।

ਜਾਂ

ਉਪਵਾਕ ਦੀ ਪਰਿਭਾਸ਼ਾ, ਪਛਾਣ ਅਤੇ ਬਣਤਰ ਤੇ ਵਿਸਥਾਰ ਸਹਿਤ ਚਰਚਾ ਕਰੋ। 12

5. ਹੇਠ ਦਰਜ ਸਾਰੇ ਪ੍ਰਸ਼ਨ ਲਾਜ਼ਮੀ ਹਨ : 15×2=30

(i) ਮਲਕ ਦੇ ਨੌਕਰ ਨੂੰ ਆਪਣੇ ਪਿੰਡ ਅਖ਼ਬਾਰ ਲੈਣ ਆਇਆ ਦੇਖ ਆਲਾ ਸਿੰਘ ਕੀ ਮਹਿਸੂਸ ਕਰਦਾ ਸੀ?

(ii) ਆਲਾ ਸਿੰਘ ਨੇ ਘੋੜੀ ਵਾਪਸ ਦੇਣ ਆਏ ਇਸਾਈ ਨੂੰ ਕੀ ਕਿਹਾ?

(iii) ਸੱਤ ਪ੍ਰਕਾਸ਼ ਦੇ ਗੁਰਜੰਟ ਦੇ ਵਿਆਹ ਕਰਾਉਣ ਸਬੰਧੀ ਕੀ ਵਿਚਾਰ ਸਨ?

(iv) 'ਘਰ' ਕਹਾਣੀ ਔਰਤ ਦੇ ਅਸਤਿੱਤਵੀ ਮਸਲਿਆਂ ਦੀ ਪੇਸ਼ਕਾਰੀ ਕਰਦੀ ਹੈ। ਸਪਸ਼ਟ ਕਰੋ।

(v) ਕਰਮ ਸਿਓਂ ਨੇ ਬਾਪੂ ਦੇ ਸੰਸਕਾਰ ਲਈ ਪਿੰਡ ਜਾਣ ਦਾ ਫ਼ੈਸਲਾ ਕਿਉਂ ਕੀਤਾ?



Scanned by CamScanner

(vi) ਕਹਾਣੀ ਵਿੱਚ ਵਰਤੇ ਗਏ ਕਥਾ ਚਿੰਨ 'ਕਸਤੂਰੀ' ਦੇ ਪ੍ਰਤੀਕਆਤਮਕ ਅਰਥ ਸਪਸ਼ਟ ਕਰੋ?

(vii) 'ਖੰਡ' ਅਤੇ 'ਘਰ' ਸ਼ਬਦਾਂ ਨਾਲ ਅਗੇਤਰ ਲਗਾ ਕੇ ਨਵੇਂ ਸ਼ਬਦ ਬਣਾਓ।

(viii) 'ਪੜ੍ਹ' ਅਤੇ 'ਆਸਰਾ' ਸ਼ਬਦਾਂ ਨਾਲ ਅਗੇਤਰ ਲਗਾ ਕੇ ਨਵੇਂ ਸ਼ਬਦ ਬਣਾਓ।

(ix) 'ਮੁੰਡਿਓ', 'ਕੁੜੀਓ', 'ਅਣਪੜਤਾ', 'ਬੇਬੁਨਿਆਦ' ਸ਼ਬਦਾਂ ਵਿੱਚੋਂ ਵਧੇਤਰਾਂ ਦੀ ਪਛਾਣ ਕਰੋ।

(x) ਵਿਆਕਰਨ ਦੀ ਪੱਧਰ ਦੀ ਛੋਟੀ ਤੋਂ ਛੋਟੀ ਇਕਾਈ ਕਿਹੜੀ ਹੈ?

(xi) ਬੰਧੇਜੀ ਅਤੇ ਸੁਤੰਤਰ ਭਾਵੰਸ਼ਾਂ ਨੂੰ ਪਰਿਭਾਸ਼ਤ ਕਰੋ?

(xii) ਕੀ ਅਗੇਤਰਾਂ ਨਾਲ ਅਰਥਾਂ ਵਿਚ ਤਬਦੀਲੀ ਆਉਂਦੀ ਹੈ?

(xiii) ਵਿਕਾਰੀ ਅਤੇ ਅਵਿਕਾਰੀ ਸ਼ਬਦਾਂ ਕਿਨ੍ਹਾਂ ਨੂੰ ਕਿਹਾ ਜਾਂਦਾ ਹੈ?

(xiv) 'ਤਾਂ ਵੀ' ਅਤੇ 'ਫ਼ਿਰ ਵੀ' ਯੋਜਕ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ।

(xv) 'ਜਦੋਂ ਮੀਂਹ ਪੈਂਦਾ ਹੈ ਤਾਂ ਲੋਕ ਸੁੱਖ ਦਾ ਸਾਹ ਲੈਂਦੇ ਹਨ।' ਵਾਕ ਵਿਚ ਪਰਾਧੀਨ, ਸਵਾਧੀਨ ਉਪਵਾਕ ਕਿਹੜਾ ਹੈ ਅਤੇ ਪਰਾਧੀਨ ਓਪਵਾਕ ਵਿਚ ਉਦੇਸ਼ ਅਤੇ ਵਿਧੇਅ ਕੀ ਹਨ?



Scanned by CamScanner